**News** release

# ਅਲਬਰਟਾ ਵੱਲੋਂ 70%ਟੀਕਾਕਰਨ ਹੋਣ ਤੇ ਜੁਲਾਈ 1 ਤੋਂ ਪੂਰੀ ਖੁੱਲ ਦੀ ਤਿਆਰੀ

June 18, 2021

## ਅਲਬਰਟਾ ਦੇ ਓਪਨ ਫਾਰ ਸਮਰ ਦੇ ਅਖੀਰਲੇ ਮੁਕਾਮ ਤੇ ਪਹੁੰਚਣ ਤੇ ਸਟੇਜ 3 ਸ਼ੁਰੂ ਕਰਨ ਤੋਂ ਪਹਿਲਾਂ ਦੇ 2 ਹਫਤਿਆਂ ਦੇ ਉਡੀਕ ਸਮੇ ਵਿੱਚ ਤੇਜੀ ਲਿਆ ਰਿਹਾ ਹੈ।

17 ਜੂਨ ਤੱਕ 70.2% ਅਲਬਰਟਾਵਾਸੀਆਂ ਨੂੰ ਘੱਟੋ ਘੱਟ 1 ਖੁਰਾਕ ਦੇਣ ਨਾਲ ਅਲਬਰਟਾ 1 ਜੁਲਾਈ ਨੂੰ ਸਟੇਜ 3 ਵਿੱਚ ਪਹੁੰਚ ਕੇ ਸਾਰੀਆਂ ਲਾਜਮੀ ਪਾਬੰਦੀਆਂ ਹਟਾਉਣ ਨਾਲ ਪੂਰੀ ਤਰਾਂ ਖੁੱਲ ਜਾਵੇਗਾ।

ਅਲਬਰਟਾ ਵਿੱਚ ਅਜੇ ਵੀ 18 ਸਾਲ ਤੋਂ ਉੱਪਰ ਕੋਈ ਵੀ ਓਪਨ ਫਾਰ ਸਮਰ ਲਾਟਰੀ ਵਿੱਚ ਦਾਖਲ ਹੋ ਕੇ 1 ਮਿਲੀਅਨ ਡਾਲਰ ਦਾ ਇਨਾਮ ਜਿੱਤ ਸਕਦਾ ਹੈ। ਰਜਿਸਟ੍ਰੇਸ਼ਨ 24 ਜੂਨ ਨੂੰ ਰਾਤ ਦੇ 11:59 ਵਜੇ ਬੰਦ ਹੋਵੇਗੀ ਅਤੇ ਇਨਾਮ ਲਈ ਟੀਕਾਕਰਨ ਦਾ ਸਬੂਤ ਵਿਖਾਉਣਾ ਪਵੇਗਾ।

ਵਿਜੇਤਾ ਦੀ ਘੋਸ਼ਣਾ ਜੁਲਾਈ 1 ਨੂੰ ਸਟੇਜ 3 ਤੇ ਪਹੁੰਚਣ ਸਮੇ ਕੀਤੀ ਜਾਵੇਗੀ:

### ਜੁਲਾਈ 1 ਤੋਂ ਓਪਨ ਫਾਰ ਸਮਰ ਪਲੈਨ ਦੇ ਸਟੇਜ 3 ਤੇ ਪਹੁੰਚਣ ਤੇ ਲਾਗੂ ਹੋਣ ਵਾਲੀਆਂ ਪਾਬੰਦੀਆਂ

- ਇਨਡੋਰ ਸਮਾਜਕ ਇਕੱਠਾਂ ਤੇ ਰੋਕ ਸਮੇਤ ਸਰੀਆਂ ਬਾਕੀ ਰਹਿੰਦੀਆਂ ਪਾਬੰਦੀਆਂ ਹਟਾ ਦਿੱਤੀਆਂ ਜਾਣਗੀਆਂ।
- ਕੋਵਿਡ-19 ਦੇ ਕੰਫਰਮ ਕੇਸਾਂ ਲਈ ਅਲੱਗ ਥਲੱਗ(ਆਈਸੋਲੇਸ਼ਨ) ਲੋੜਾਂ ਅਤੇ ਕੇਅਰ ਸੈਂਟਰਾਂ ਤੇ ਸੁਰੱਖਿਆ ਉਪਾਅ ਜਾਰੀ ਰੱਖੇ ਜਾ ਸਕਦੇ ਹਨ।
- ਸੂਬੇ ਲਈ ਮਾਸਕ ਦੀ ਲੋੜ ਵੀ ਹਟਾ ਦਿੱਤੀ ਜਾਵੇਗੀ ਪਰੰਤੂ ਕੁਝ ਖਾਸ ਅਤੇ ਸੀਮਤ ਸਥਾਨਾਂ ਤੇ ਮਾਸਕ ਪਾਉਣ ਲੋੜ ਹੋ ਸਕਦੀ ਹੈ।

25 ਪ੍ਰਤੀਸ਼ਤ ਦੋਹੇ ਖੁਰਾਕਾਂ ਸਮੇਤ ਪੂਰੀ ਤਰਾਂ ਵੈਕਸੀਨੇਟਿਡ ਲੋਕਾਂ ਸਮੇਤ 70.2 ਪ੍ਰਤੀਸ਼ਤ, 2,671,564 ਅਲਬਰਟਾਵਾਸੀ ਹੁਣ ਵੈਕਸੀਨ ਦੀ 1 ਖੁਰਾਕ ਪ੍ਰਾਪਤ ਕਰ ਚੁੱਕੇ ਹਨ।

ਕੋਵਿਡ-19 ਵੈਕਸੀਨ ਦੀ ਬੁਕਿੰਗ ਲਈ alberta.ca/vaccine ਤੇ ਜਾ ਕੇ ਸੂਬੇ ਵਿੱਚ ਏਐੱਚਐੱਸ ਅਤੇ ਭਾਗੀਦਾਰ ਫਾਰਮੇਸੀਆਂ ਵਿੱਚ ਅਪੌਆਇੰਟਮੈਂਟ ਚੁਣੋ। ਕੁਝ ਲੋਕੇਸ਼ਨਾਂ ਪਹਿਲੀ ਖੁਰਾਕ ਲਈ ਵਾਕ ਇੰਨ ਸੁਵਿਧਾ ਵੀ ਦੇ ਰਹੀਆਂ ਹਨ।

ਅਲਬਰਟਾ ਸਰਕਾਰ ਜਾਨਾਂ ਅਤੇ ਰੋਜੀ ਰੋਟੀ ਦੀ ਸੁਰੱਖਿਆ, ਛੋਟੇ ਵਪਾਰਾਂ ਨੂੰ ਚਲਦਿਆਂ ਰੱਖਦੇ ਹੋਏ ਅਤੇ ਅਲਬਰਟਾ ਦੇ ਹੈਲਥ ਕੇਅਰ ਸਿਸਟਮ ਦੀ ਰੱਖਿਆ ਕਰਦੇ ਹੋਏ ਕੋਵਿਡ-19 ਪੈਨਡੈਮਿਕ ਦੇ ਵਕਰ ਨੂੰ ਮੋੜਨ ਲਈ ਸੁਚੱਜੇ ਉਪਾਅ ਕਰ ਰਹੀ ਹੈ।

## ਸਬੰਧਿਤ ਜਾਣਕਾਰੀ

- Book your vaccine appointment
- Register in the Open for Summer Lottery

## ਮੀਡੀਆ ਪੁੱਛਗਿੱਛ

Jerrica Goodwin
587-988-3278
ਪ੍ਰੈਸ ਸੈਕਟਰੀ, ਪ੍ਰੀਮੀਅਰ ਦਫਤਰ

Tom McMillan
780-422-4905
ਅਸਿਸਟੈਂਟ ਡਾਇਰੈਕਟਰ ਕਮਿਊਨੀਕੇਸ਼ਨਜ਼,ਸਿਹਤ

---

View this announcement online
Government of Alberta newsroom
Contact government
Unsubscribe